# 3.2.2

# Proofs

# (2022-23)

# Earn While Learn (Students organized stalls of Mehandi and Nail Art)



# Extension Lecture on IPR



ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਮੁੱਖ ਬੁਲਾਰੇ ਡਾ. ਜਸਵਿੰਦਰ ਨੂੰ ਬੂਟਾ ਦਿੰਦੇ ਹੋਏ ਕਾਰਜਕਾਰੀ ਪ੍ਰਿੰਸੀਪਲ ਡਾ. ਨਵਦੀਪ ਕੌਰ ਅਤੇ ਹੋਰ। ਤਸਵੀਰ: ਤੇਜਿੰਦਰ ਸਿੰਘ ਚੱਢਾ

## ਸਿੱਧਵਾਂ ਕਾਲਜ ਵਿਖੇ ਆਈ.ਪੀ.ਆਰ. ਸੈੱਲ ਵਲੋਂ ਪ੍ਰਸਾਰ ਭਾਸ਼ਨ ਆਯੋਜਿਤ

ਚੌਂਕੀਮਾਨ, 28 ਮਈ (ਤੇਜਿੰਦਰ ਸਿੰਘ ਚੱਢਾ) - ਖ਼ਾਲਸਾ ਕਾਲਜ ਫ਼ਾਰ ਵਿਮੈਨ ਸਿੱਧਵਾਂ ਖੁਰਦ ਵਿਖੇ ਆਈ.ਪੀ.ਆਰ ਸੈੱਲ ਵਲੋਂ 'ਆਈ.ਪੀ.ਆਰ ਵਿਚ ਸਪੈਸੇਫਿਕ ਰੈਫਰੈਂਸ ਟੂ ਕਾਪੀਰਾਈਟ ਐਂਡ ਇਟਜ਼ ਟਾਈਪਜ਼' ਵਿਸ਼ੇ 'ਤੇ ਪ੍ਰਸਾਰ ਭਾਸ਼ਣ ਆਯੋਜਿਤ ਕੀਤਾ ਗਿਆ। ਇਸ ਪ੍ਰਸਾਰ ਭਾਸ਼ਣ ਦੇ ਮੁੱਖ ਬੁਲਾਰੇ ਡਾ. ਜਸਵਿੰਦਰ ਐਸੋਸੀਏਟ ਪ੍ਰੋਫ਼ੈਸਰ ਜੀ.ਐੱਚ.ਜੀ. ਇੰਸਟੀਚਿਊਟ ਆਫ਼ ਲਾਅ ਫ਼ਾਰ ਵਿਮਨ ਸਿੱਧਵਾਂ ਖੁਰਦ ਸਨ। ਸੰਸਥਾ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਵਦੀਪ ਕੌਰ ਨੇ ਉਨ੍ਹਾਂ ਨੂੰ ਨਿੱਘੀ ਜੀ ਆਇਆਂ ਕਿਹਾ। ਮੁੱਖ ਬੁਲਾਰੇ ਡਾ. ਜਸਵਿੰਦਰ ਨੇ ਮੁੱਖ ਤੌਰ 'ਕਾਪੀਰਾਈਟ' ਵਿਸ਼ੇ 'ਤੇ ਵਿਸਥਾਰ ਸਹਿਤ ਜਾਣਕਾਰੀ ਮੁਹੱਈਆ ਕਰਵਾਈ। ਅਕਾਦਮਿਕ ਖੇਤਰ ਵਿਚ ਮੌਲਿਕ ਖੋਜ, ਮੌਲਿਕ ਖੋਜ ਦਾ ਨਿੱਜੀ ਪੱਧਰ 'ਤੇ ਰਾਖਵਾਂਕਰਨ, ਬੌਧਿਕ ਸੰਪਤੀ ਦੀ ਸੁਰੱਖਿਆ, ਕਾਪੀ ਰਾਈਟ ਨਾਲ ਸਬੰਧਿਤ ਵੈਬਸਾਈਟਜ਼, ਕਾਪੀਰਾਈਟ ਦੀਆਂ ਵਿਧੀਆਂ ਅਤੇ ਵਿਭਿੰਨ ਖੇਤਰ ਆਦਿ ਪੱਖਾਂ ਨੂੰ ਵਿਚਾਰ ਅਧੀਨ ਲਿਆਂਦਾ। ਉਨ੍ਹਾਂ ਕਾਨੂੰਨਾਂ 'ਤੇ ਅਧਾਰਿਤ ਸੈਕਸ਼ਨ 13 ਅਧੀਨ ਕਾਪੀ ਰਾਈਟ ਨੂੰ ਸੰਪੂਰਨ ਵੇਰਵੇ ਸਹਿਤ ਸਾਂਝਾ ਕੀਤਾ। ਸਾਇੰਸ ਵਿਭਾਗ ਦੇ ਮੁਖੀ ਡਾ. ਇਕਬਾਲਜੀਤ ਕੌਰ ਨੇ ਰਸਮੀ ਤੌਰ 'ਤੇ ਮੁੱਖ ਬੁਲਾਰੇ ਡਾ. ਜਸਵਿੰਦਰ ਦਾ ਧੰਨਵਾਦ ਕੀਤਾ। ਸੰਸਥਾ ਵਲੋਂ ਮੁੱਖ ਬੁਲਾਰੇ ਡਾ. ਜਸਵਿੰਦਰ ਨੂੰ ਸਨਮਾਨ ਵਜੋਂ ਬੂਟਾ ਭੇਟ ਕੀਤਾ ਗਿਆ। ਸਮਾਗਮ ਵਿਚ ਮੰਚ ਸੰਚਾਲਕ ਦੀ ਭੂਮਿਕਾ ਪ੍ਰੋ: ਗਗਨਦੀਪ ਧਾਰਨੀ ਨੇ ਬਾਖ਼ੂਬੀ ਨਿਭਾਈ।